ਵਿਸ਼ਾ ਪੰਜਾਬੀ ਜਮਾਤ ਨੌਵੀਂ ਸਾਲ ਅਪ੍ਰੈਲ 2020

# ਪੁਰਾਤਨ ਜਨਮਸਾਖੀ



1. ਸੁਲਤਾਨਪੁਰ ਨੂੰ ਤਿਆਰੀ ਸਾਖੀ ਦਾ ਸਾਰ ਲਿਖੋ ?

ਪਰਮੇਸ਼ਰ ਦੀ ਆਗਿਆ ਹੋਈ ਤੇ ਗੁਰੂ ਨਾਨਕ ਬਾਹਰ ਆਏ। ਗੁਰੂ ਜੀ ਦਾ ਭਣੋਈਆ, ਜੈਰਾਮ, ਨਵਾਬ ਦੌਲਤ ਖ਼ਾਂ ਦਾ ਮੋਦੀ ਸੀ। ਜੈਰਾਮ ਨੇ ਜਦੋਂ ਇਹ ਸੁਣਿਆ ਕਿ ਨਾਨਕ ਹੈਰਾਨ ਰਹਿੰਦਾ ਹੈ ਤੇ ਕੋਈ ਕੰਮ-ਕਾਰ ਨਹੀਂ ਕਰਦਾ ਤਾਂ ਉਸ ਨੇ ਚਿੱਠੀ ਲਿਖ ਕੇ ਗੁਰੂ ਨਾਨਕ ਨੂੰ ਕਿਹਾ ਕਿ ਉਹ ਉਸ ਨੂੰ ਮਿਲੇ। ਚਿੱਠੀ ਪੜ੍ਹ ਕੇ ਜਦੋਂ ਗੁਰੂ ਨਾਨਕ ਨੇ ਜੈਰਾਮ ਨੂੰ ਮਿਲਣ ਦੀ ਗੱਲ ਕੀਤੀ, ਤਾਂ ਘਰਦਿਆ ਨੇ ਕਿਹਾ ਕਿ ਇਹ ਚੰਗਾ ਹੋਵੇ, ਜੇ ਉਹ ਉੱਥੇ ਚਲਾ ਜਾਵੇ। ਸ਼ਾਇਦ ਉਸ ਦਾ ਮਨ ਉੱਥੇ ਟਿਕ ਜਾਵੇ। ਜਦੋਂ ਗੁਰੂ ਨਾਨਕ ਜੀ ਸੁਲਤਾਨਪੁਰ ਜਾਣ ਲੱਗੇ, ਤਾਂ ਉਨ੍ਹਾਂ ਦੀ ਪਤਨੀ ਵੈਰਾਗ ਕਰਦੀ ਹੋਈ ਕਹਿਣ ਲੱਗੀ ਕਿ ਉਹ ਤਾਂ ਉਸ ਨੂੰ ਪਹਿਲਾਂ ਹੀ ਮੂੰਹ ਨਹੀਂ ਸਨ ਲਾਉਂਦੇ, ਪਰਦੇਸ ਜਾ ਕੇ ਉਹ ਕਿਸ ਤਰ੍ਹਾਂ ਉਸ ਕੋਲ ਵਾਪਸ ਆਉਣਗੇ ? ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਪਹਿਲਾਂ ਇੱਥੇ ਵੀ ਕੁਝ ਨਹੀਂ ਸਨ ਕਰਦੇ ਤੇ ਉਥੇ ਜਾ ਕੇ ਵੀ ਕੁਝ ਕਰਨ ਦੀ ਆਸ ਨਹੀਂ। ਉਹ ਉਸ ਦੇ ਕਿਸੇ ਕੰਮ ਆਉਣ ਜੋਗੇ ਨਹੀਂ। ਗੁਰੂ ਜੀ ਦੀ ਪਤਨੀ ਨੇ ਬੇਨਤੀ ਕੀਤੀ ਕਿ ਜਦੋਂ ਉਹ ਘਰ ਬੈਠੇ ਹੁੰਦੇ ਸਨ, ਤਾਂ ਉਹ ਸਮਝਦੀ ਸੀ ਕਿ ਉਸ ਨੂੰ ਸਾਰੇ ਜਹਾਨ ਦੀ ਪਾਤਸ਼ਾਹੀ ਮਿਲੀ ਹੋਈ ਸੀ। ਉਸ ਤੋਂ ਬਿਨਾਂ ਇਹ ਸੰਸਾਰ ਉਸ ਦੇ ਕਿਸੇ ਕੰਮ ਨਹੀਂ। ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਕੋਈ ਫ਼ਿਕਰ ਨਾ ਕਰੇ। ਇੱਕ ਦਿਨ ਉਸ ਦੀ ਪਾਤਸ਼ਾਹੀ ਹੋਵੇਗੀ। ਉਸ ਦੇ ਨਾਲ ਜਾਣ ਦੀ ਜ਼ਿੱਦ ਕਰਨ ਤੇ ਗੁਰੂ ਜੀ ਨੇ ਕਿਹਾ ਕਿ ਹੁਣ ਤਾਂ ਉਹ ਜਾਂਦੇ ਹਨ। ਜੇਕਰ ਉਨ੍ਹਾਂ ਦੇ ਰੁਜ਼ਗਾਰ ਦੀ ਕੋਈ ਗੱਲ ਬਣੇਗੀ, ਤਾਂ ਉਹ ਉਸ ਨੂੰ ਵੀ ਬੁਲਾ

ਲੈਣਗੇ। ਇਹ ਸੁਣ ਕੇ ਗੁਰੂ ਜੀ ਦੀ ਪਤਨੀ ਚੁੱਪ ਕਰ ਗਈ ਗੁਰੂ ਜੀ ਸਕੇ-ਸਬੰਧੀਆਂ ਤੋਂ ਵਿਦਾ ਲੈ ਕੇ ਸੁਲਤਾਨਪੁਰ ਵੱਲ ਚੱਲ ਪਏ।

### 2. ਮੋਦੀਖ਼ਾਨਾ ਸੰਭਾਲਿਆ ਸਾਖੀ ਦਾ ਸਾਰ ਲਿਖੋ ?

ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਪਹੁੰਚਣ 'ਤੇ ਜੈਰਾਮ ਬਹੁਤ ਖ਼ੁਸ਼ ਹੋਇਆ। ਉਸ ਨੇ ਕਿਹਾ ਕਿ ਨਾਨਕ ਚੰਗਾ ਭਲਾ ਹੈ। ਫਿਰ ਜੈਰਾਮ ਨੇ ਨਵਾਬ ਦੌਲਤ ਖ਼ਾਂ ਦੇ ਦਰਬਾਰ ਵਿੱਚ ਜਾ ਕੇ ਬੇਨਤੀ ਕੀਤੀ ਕਿ ਉਸ ਦਾ ਇੱਕ ਸਾਲਾ ਆਇਆ ਹੈ, ਜੋ ਉਸ ਨੂੰ ਮਿਲਣਾ ਚਾਹੁੰਦਾ ਹੈ। ਖ਼ਾਨ ਤੋਂ ਆਗਿਆ ਲੈ ਕੇ ਜੈਰਾਮ ਗੁਰੂ ਨਾਨਕ ਦੇਵ ਜੀ ਨੂੰ ਉਸ ਕੋਲ ਲੈ ਗਿਆ। ਨਾਨਕ ਕੁਝ ਨਜ਼ਰਾਨਾ ਲੈ ਕੇ ਖ਼ਾਨ ਨੂੰ ਮਿਲਿਆ। ਖ਼ਾਨ ਬਹੁਤ ਖ਼ੁਸ਼ ਹੋਇਆ। ਉਸ ਦੇ ਪੁੱਛਣ ਤੇ ਜੈਰਾਮ ਨੇ ਦੱਸਿਆ ਕਿ ਉਸ ਦਾ ਨਾਂ 'ਨਾਨਕ' ਹੈ। ਖ਼ਾਨ ਨੇ ਕਿਹਾ ਕਿ ਉਹ ਉਸ ਨੂੰ ਬੜਾ ਦਿਆਨਤਦਾਰ ਨਜ਼ਰ ਆਉਂਦਾ ਹੈ। ਉਹ ਉਸ ਦਾ ਕੰਮ ਉਸ ਦੇ ਹਵਾਲੇ ਕਰ ਦੇਵੇ। ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਖ਼ੁਸ਼ ਹੋਏ ਤੇ ਮੁਸਕਰਾਏ। ਖ਼ਾਨ ਨੇ ਉਨ੍ਹਾਂ ਨੂੰ ਸਿਰੋਪਾ ਦਿੱਤਾ। ਫਿਰ ਜੈਰਾਮ ਤੇ ਗੁਰੂ ਨਾਨਕ ਦੇਵ ਜੀ ਘਰ ਆ ਗਏ ਤੇ ਕੰਮ ਕਰਨ ਲੱਗੇ। ਹਰ ਕੋਈ ਗੁਰੂ ਜੀ ਦਾ ਕੰਮ ਦੇਖ ਕੇ ਖ਼ੁਸ਼ ਹੋਵੇ ਤੇ ਖ਼ਾਨ ਕੋਲ ਆ ਕੇ ਉਨ੍ਹਾਂ ਦੀ ਵਡਿਆਈ ਕਰੇ। ਇਹ ਦੇਖ ਕੇ ਖ਼ਾਨ ਬਹੁਤ ਖ਼ੁਸ਼ ਹੋਇਆ। ਗੁਰੂ ਨਾਨਕ ਦੇਵ ਜੀ ਨੂੰ ਜਿਹੜਾ ਅਲੂਫ਼ ਮਿਲਦਾ ਸੀ, ਲੋੜ ਅਨੁਸਾਰ ਖਾ ਪੀ ਕੇ ਬਾਕੀ ਰੱਬ ਦੇ ਨਾਂ ਤੇ ਦਾਨ ਕਰ ਦਿੰਦੇ ਸਨ। ਉਹ ਹਰ ਰੋਜ਼ ਰਾਤ ਨੂੰ ਕੀਰਤਨ ਕਰਦੇ। ਫਿਰ ਤਲਵੰਡੀ ਤੋਂ ਮਰਦਾਨਾ ਡੂਮ ਗੁਰੂ ਜੀ ਕੋਲ ਆ ਟਿਕਿਆ। ਹੋਰ ਵੀ ਜਿਹੜਾ ਆਉਂਦਾ ਗੁਰੂ ਜੀ ਉਸ ਨੂੰ ਖ਼ਾਨ ਨਾਲ ਮਿਲਾ ਕੇ ਅਲੂਫ਼ਾ ਲੁਆ ਦਿੰਦੇ। ਇਸ ਤਰ੍ਹਾਂ ਸਾਰੇ ਰੋਟੀਆਂ ਖਾਂਦੇ। ਗੁਰੂ ਨਾਨਕ ਦੇਵ ਜੀ ਦੀ ਕ੍ਰਿਪਾ ਨਾਲ ਸਾਰੇ ਖ਼ੁਸ਼ ਹੋਏ। ਜਦੋਂ ਬਾਬੇ ਦੀ ਰਸੋਈ ਤਿਆਰ ਹੁੰਦੀ ਸੀ, ਤਾਂ ਸਾਰੇ ਆ ਕੇ ਛਕਦੇ। ਰਾਤ ਨੂੰ ਰੋਜ਼ ਹਰ ਰੋਜ਼ ਕੀਰਤਨ ਹੁੰਦਾ। ਪਹਿਰ ਰਾਤ ਰਹਿੰਦੀ ਨੂੰ ਗੁਰੂ ਜੀ ਦਰਿਆ ਉੱਤੇ ਜਾ ਕੇ ਇਸ਼ਨਾਨ ਕਰਦੇ। ਜਦੋਂ ਸਵੇਰ ਹੁੰਦੀ, ਤਾਂ ਗੁਰੂ ਜੀ ਕੱਪੜੇ ਪਾ ਕੇ ਤੇ ਤਿਲਕ ਲਾ ਕੇ ਦਰਬਾਰ ਵਿਖੇ ਦਫ਼ਤਰ ਵਿੱਚ ਲਿਖਣ ਬੈਠ ਜਾਂਦੇ।

### 3. ਗੁਰੂ ਨਾਨਕ ਦੇਵ ਜੀ ਦਾ ਭਣੋਈਆ ਕੌਣ ਸੀ ? ਉਹ ਕੀ ਕੰਮ ਕਰਦਾ ਸੀ ?

ਗੁਰੂ ਨਾਨਕ ਦੇਵ ਜੀ ਦਾ ਭਣੋਈਆ ਜੈਰਾਮ ਸੀ। ਉਹ ਸੁਲਤਾਨਪੁਰ ਦੇ ਨਵਾਬ ਦੌਲਤ ਖ਼ਾਂ ਦਾ ਮੋਦੀ ਸੀ।

4. **ਜੈਰਾਮ ਨੇ ਗੁਰੂ ਨਾਨਕ ਦੇਵ ਜੀ ਲਈ ਕੀ ਕੁਝ ਕੀਤਾ ?**

ਜੈ ਰਾਮ ਨੇ ਜਦੋਂ ਇਹ ਸੁਣਿਆ ਕਿ ਗੁਰੂ ਨਾਨਕ ਹੈਰਾਨ ਰਹਿੰਦੇ ਹਨ ਤੇ ਕੋਈ ਕੰਮ ਨਹੀਂ ਕਰਦੇ, ਤਾਂ ਉਸ ਨੇ ਉਨ੍ਹਾਂ ਨੂੰ ਚਿੱਠੀ ਲਿਖ ਕੇ ਸੁਲਤਾਨਪੁਰ ਬੁਲਾ ਲਿਆ ਤੇ ਫਿਰ ਨਵਾਬ ਦੌਲਤ ਖ਼ਾਂ ਦੇ ਦਰਬਾਰ ਵਿੱਚ ਪੇਸ਼ ਕਰ ਕੇ ਉਸ ਦੀ ਆਗਿਆ ਨਾਲ ਉਸ ਦਾ ਮੋਦੀਖ਼ਾਨਾ ਸੰਭਾਲ ਕੇ ਨੌਕਰੀ ਉੱਤੇ ਲੁਆ ਦਿੱਤਾ।

5. **ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਜਾਣ ਤੋਂ ਪਹਿਲਾਂ ਪਤਨੀ ਨਾਲ ਹੋਈ ਵਾਰਤਾਲਾਪ ਨੂੰ ਲਿਖੋ ?**

ਇਸ ਸਮੇਂ ਗੁਰੂ ਜੀ ਦੀ ਪਤਨੀ ਦਾ ਵੈਰਾਗ ਕਰਦੀ ਹੋਈ ਕਹਿਣ ਲੱਗੀ ਕਿ ਉਹ ਤਾਂ ਉਸ ਨੂੰ ਪਹਿਲਾਂ ਹੀ ਮੂੰਹ ਨਹੀਂ ਸਨ ਲਾਉਂਦੇ, ਪ੍ਰਦੇਸ਼ ਜਾ ਕੇ ਤਾਂ ਉਹ ਵਾਪਸ ਹੀ ਨਹੀਂ ਆਉਣਗੇ। ਗੁਰੂ ਜੀ ਕਹਿਣ ਲੱਗੇ ਕਿ ਉਹ ਨਾ ਇੱਥੇ ਕੁਝ ਕਰਦੇ ਸਨ ਤੇ ਨਾ ਉੱਥੇ ਜਾ ਕੇ ਕੁਝ ਕਰਨਾ ਹੈ। ਉਨ੍ਹਾਂ ਦੀ ਪਤਨੀ ਕਹਿਣ ਲੱਗੀ ਕਿ ਉਨ੍ਹਾਂ ਦੇ ਘਰ ਬੈਠੇ ਹੋਣ ਨਾਲ ਉਸ ਨੂੰ ਸਾਰੇ ਜਹਾਨ ਦੀ ਪਾਤਸ਼ਾਹੀ ਮਿਲੀ ਹੁੰਦੀ ਹੈ, ਪਰ ਉਨ੍ਹਾਂ ਤੋਂ ਬਿਨਾਂ ਸੰਸਾਰ ਉਸ ਦੇ ਕਿਸੇ ਕੰਮ ਨਹੀਂ। ਇਹ ਸੁਣ ਕੇ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਜੇਕਰ ਸੁਲਤਾਨਪੁਰ ਜਾ ਕੇ ਉਨ੍ਹਾਂ ਦੇ ਰੁਜ਼ਗਾਰ ਦੀ ਕੋਈ ਗੱਲ ਬਣੀ ਤਾਂ ਉਹ ਉਸ ਨੂੰ ਵੀ ਬੁਲਾ ਲੈਣਗੇ।

6. **ਗੁਰੂ ਨਾਨਕ ਦੇਵ ਜੀ, ਜੈਰਾਮ ਅਤੇ ਨਵਾਬ ਦੌਲਤ ਖ਼ਾਨ ਦੀ ਵਾਰਤਾਲਾਪ ਨੂੰ ਲਿਖੋ ?**

ਜੈਰਾਮ ਨੇ ਨਵਾਬ ਦੌਲਤ ਖ਼ਾਨ ਕੋਲ ਜਾ ਕੇ ਬੇਨਤੀ ਕੀਤੀ ਕਿ ਉਸ ਦਾ ਸਾਲਾ ਉਸ ਨੂੰ ਮਿਲਣਾ ਚਾਹੁੰਦਾ ਹੈ। ਖ਼ਾਨ ਦੀ ਆਗਿਆ ਨਾਲ ਜੈਰਾਮ ਗੁਰੂ ਨਾਨਕ ਨੂੰ ਉਸ ਕੋਲ ਲੈ ਗਿਆ। ਗੁਰੂ ਜੀ ਉਸ ਨੂੰ ਕੁਝ ਨਜ਼ਰਾਨਾ ਲੈ ਕੇ ਮਿਲੇ। ਜੈਰਾਮ ਤੋਂ ਉਨ੍ਹਾਂ ਦਾ ਨਾਂ ਪੁੱਛਣ ਮਗਰੋਂ ਖ਼ਸਨ ਨੇ ਕਿਹਾ ਕਿ ਉਹ ਉਸ ਨੂੰ ਦਿਆਨਤਦਾਰ ਨਜ਼ਰ ਆਉਂਦਾ ਹੈ। ਇਸ ਕਰਕੇ ਉਹ ਉਸ ਨੂੰ ਕੰਮ ਸੌਂਪ ਦੇਵੇ। ਇਹ ਸੁਣ ਕੇ ਗੁਰੂ ਨਾਨਕ ਖੁਸ਼ ਹੋਏ ਤੇ ਖ਼ਾਨ ਨੇ ਸਿਰੋਪਾ ਦਿੱਤਾ।

7. **ਸੁਲਤਾਨਪੁਰ ਰਹਿੰਦਿਆਂ ਗੁਰੂ ਨਾਨਕ ਦਾ ਨਿੱਤ ਕਰਮ ਕੀ ਸੀ ?**

ਸੁਲਤਾਨਪੁਰ ਰਹਿੰਦਿਆਂ ਗੁਰੂ ਜੀ ਰਾਤ ਨੂੰ ਹਰ ਰੋਜ਼ ਸੰਗਤ ਨਾਲ ਪ੍ਰਸ਼ਾਦ ਛਕਦੇ ਸਨ ਤੇ ਸਭ ਨਾਲ ਮਿਲ ਕੇ ਕੀਰਤਨ ਕਰਦੇ ਸਨ। ਪਹਿਰ ਰਾਤ ਰਹਿੰਦੀ ਨੂੰ ਗੁਰੂ ਜੀ ਦਰਿਆ ਉੱਤੇ ਜਾ ਕੇ ਇਸ਼ਨਾਨ ਕਰਦੇ ਸਨ। ਜਦੋਂ ਸਵੇਰ ਹੁੰਦੀ ਸੀ, ਤਾਂ ਉਹ ਕੱਪੜੇ ਪਾ ਕੇ ਤਿਲਕ ਲਾ ਕੇ ਦਫ਼ਤਰ ਵਿੱਚ ਮੋਦੀਖ਼ਾਨੇ ਦਾ ਹਿਸਾਬ ਲਿਖਣ ਬੈਠ ਜਾਂਦੇ ਸਨ।

## ਵਸਤੂ ਨਿਸ਼ਠ ਉੱਤਰ ਵਾਲੇ ਪ੍ਰਸ਼ਨ

1. ਸੁਲਤਾਨਪੁਰ ਨੂੰ ਤਿਆਰੀ ਸਾਖੀ ਦਾ ਲੇਖਕ ਕੌਣ ਹੈ ?

   ਪੁਰਾਤਨ ਜਨਮਸਾਖੀ

2. ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਂ ਕੀ ਸੀ ?

   ਬੀਬੀ ਨਾਨਕੀ

3. ਗੁਰੂ ਨਾਨਕ ਦੇਵ ਜੀ ਭਣੋਈਏ ਦਾ ਨਾਂ ਕੀ ਸੀ ?

   ਜੈਰਾਮ

4. ਨਵਾਬ ਦੌਲਤ ਖ਼ਾਂ ਕਿੱਥੋਂ ਦਾ ਨਵਾਬ ਸੀ ?

   ਸੁਲਤਾਨਪੁਰ

5. ਗੁਰੂ ਨਾਨਕ ਦੇਵ ਜੀ ਨੇ ਮੋਦੀ ਖਾਨਾ ਕਿੱਥੇ ਸੰਭਾਲਿਆ ?

   ਸੁਲਤਾਨਪੁਰ